FRI,01 MAY 2026
EDITION: FATEHGARH SAHIB BANI, PAGE NO. 1

ਜਗ ਬਾਣੀ
ਈ-ਪੇਪਰ

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਦਾ ਵਿਦਿਆਰਥੀ ਕੈਮਿਸਟਰੀ ਓਲੰਪੀਆਡ 'ਚ ਟੀਮ ਇੰਡੀਆ ਲਈ ਚੁਣਿਆ



ਪ੍ਰਿੰਸੀਪਲ ਸੰਗੀਤਾ ਸ਼ਰਮਾ ਦੇ ਨਾਲ ਵਿਦਿਆਰਥੀ ਹਰਸ਼ਿਤ ਸਿੰਗਲਾ। [illegible]

ਮੰਡੀ ਗੋਬਿੰਦਗੜ੍ਹ, 30 ਅਪ੍ਰੈਲ (ਸੁਰੇਸ਼): ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ, ਮੰਡੀ ਗੋਬਿੰਦਗੜ੍ਹ ਲਈ ਬਹੁਤ ਮਾਣ ਦਾ ਪਲ ਹੈ ਕਿ 12ਵੀਂ ਜਮਾਤ (ਸਾਇੰਸ) ਦੇ ਹੋਣਹਾਰ ਵਿਦਿਆਰਥੀ ਹਰਸ਼ਿਤ ਸਿੰਗਲਾ ਨੂੰ 58ਵੇਂ ਅੰਤਰਰਾਸ਼ਟਰੀ ਕੈਮਿਸਟਰੀ ਓਲੰਪੀਆਡ ਲਈ ਟੀਮ ਇੰਡੀਆ ਲਈ ਚੁਣਿਆ ਗਿਆ ਹੈ। ਇਸ ਸਾਲ, ਇਹ ਵੱਕਾਰੀ ਅੰਤਰਰਾਸ਼ਟਰੀ ਮੁਕਾਬਲਾ ਉਜ਼ਬੇਕਿਸਤਾਨ 'ਚ ਆਯੋਜਿਤ ਕੀਤਾ ਜਾਵੇਗਾ। ਅੰਤਰਰਾਸ਼ਟਰੀ ਕੈਮਿਸਟਰੀ ਓਲੰਪੀਆਡ ਦੁਨੀਆ ਭਰ ਦੇ ਪ੍ਰਤਿਭਾਸ਼ਾਲੀ ਸਕੂਲੀ ਵਿਦਿਆਰਥੀਆਂ ਲਈ ਬੜਾ ਸਤਿਕਾਰਯੋਗ ਮੁਕਾਬਲਾ ਹੈ। ਹਰਸ਼ਿਤ ਸਿੰਗਲਾ ਨੇ ਮੁੰਬਈ ਦੇ ਹੋਮੀ ਭਾਬਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਵਿਖੇ ਆਯੋਜਿਤ ਓਰੀਐਂਟੇਸ਼ਨ ਕਮ ਸਿਲੈਕਸ਼ਨ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਹ ਉਪਲਬਧੀ ਹਾਸਲ ਕੀਤੀ। ਉਨ੍ਹਾਂ 2 ਥਿਊਰੀ ਪ੍ਰੀਖਿਆਵਾਂ ਅਤੇ ਤਿੰਨ ਪ੍ਰੈਕਟੀਕਲ ਟੈਸਟਾਂ 'ਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਭਾਰਤੀ ਟੀਮ 'ਚ ਸੁਭੋਜੀਤ ਬੰਦੋਪਾਧਿਆਏ (ਮੁੱਖ ਸਲਾਹਕਾਰ, ਆਈ. ਆਈ. ਐੱਸ. ਈ.ਆਰ. ਕੋਲਕਾਤਾ), ਇੰਦਰਾਣੀ ਦਾਸ ਸੇਨ (ਮੇਂਟਰ, ਐੱਚ. ਬੀ. ਸੀ. ਐੱਸ. ਈ.), ਅਨੁਬੇਂਦੂ ਅਧਿਕਾਰੀ (ਵਿਗਿਆਨਕ ਸੁਪਰਵਾਈਜ਼ਰ, ਆਈ. ਆਈ. ਟੀ. ਖੜਗਪੁਰ), ਅਤੇ ਜੈਸ਼੍ਰੀ ਗੋਪਾਲਕ੍ਰਿਸ਼ਨਨ (ਵਿਗਿਆਨਕ ਸੁਪਰਵਾਈਜ਼ਰ, ਮੁੰਬਈ) ਵੀ ਸ਼ਾਮਲ ਹੋਣਗੇ।

ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਹਰਸ਼ਿਤ ਸਿੰਗਲਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਸਕੂਲ ਲਈ ਮਾਣ ਵਾਲੀ ਗੱਲ ਹੈ ਬਲਕਿ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਹੈ।

ਉਨ੍ਹਾਂ ਕਿਹਾ ਕਿ ਹਰਸ਼ਿਤ ਦੀ ਸਖ਼ਤ ਮਿਹਨਤ, ਸਮਰਪਣ ਅਤੇ ਵਚਨਬੱਧਤਾ ਸਾਬਤ ਕਰਦੀ ਹੈ ਕਿ ਦ੍ਰਿੜਤਾ ਨਾਲ, ਕੋਈ ਵੀ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ। ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਪਰਿਵਾਰ ਨੇ ਹਰਸ਼ਿਤ ਸਿੰਗਲਾ ਨੂੰ ਦਿਲੋਂ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕਰੇਗਾ। ਸਕੂਲ ਪਰਿਵਾਰ ਉਸਦੀ ਸ਼ਾਨਦਾਰ ਪ੍ਰਾਪਤੀ 'ਤੇ ਬਹੁਤ ਮਾਣ ਕਰਦਾ ਹੈ ਅਤੇ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

पंजाब केसरी
SAT,02 MAY 2026
EDITION: PATIALA KESARI, PAGE NO. 1

# ओ.पी.बी.एम.एस. के छात्र का कैमिस्ट्री ओलिम्पियाड के लिए टीम इंडिया में हुआ चयन

मंडी गोबिंदगढ़, 1 मई (सुरेश) : ओम प्रकाश बांसल मॉडर्न स्कूल मंडी गोबिंदगढ़ की कक्षा 12वीं (विज्ञान) के मेधावी छात्र हर्षित सिंगला का चयन 58वें इंटरनैशनल कैमिस्ट्री ओलिम्पियाड के लिए टीम इंडिया में हुआ है। हर्षित सिंगला ने होमी भाभा सेंटर फॉर साइंस एजुकेशन, मुंबई में आयोजित ओरिएंटेशन कम सिलैक्शन कैंप के दौरान उत्कृष्ट प्रदर्शन करते हुए यह उपलब्धि हासिल की। उन्होंने 2 सैद्धांतिक परीक्षाओं एवं 3 प्रायोगिक परीक्षणों में अपनी प्रतिभा का लोहा मनवाया।



प्रिंसीपल संगीता शर्मा के साथ छात्र हर्षित सिंगला। (सुरेश)

भारतीय टीम के साथ सुभोजित बंद्योपाध्याय (हैड मैंटर, आई.आई.एस.ई.आर. कोलकाता), इंद्राणी दास सेन (मैंटोर, एच.बी.सी.एस.ई.), अनुबेंदु अधिकारी (वैज्ञानिक पर्यवेक्षक, आई.आई.टी. खड़गपुर) तथा जयश्री गोपालकृष्णन (वैज्ञानिक पर्यवेक्षक, मुंबई) भी शामिल रहेंगे। प्रिंसीपल संगीता शर्मा ने हर्षित सिंगला को बधाई दी। ओ.पी.बी.एम.एस. परिवार ने हर्षित सिंगला को हार्दिक शुभकामनाएं दी।

ਦੇਸ਼-ਵਿਦੇਸ਼
ਅਤੇ ਖੇਡ ਜਗਤ

# ਓਮ ਪ੍ਰਕਾਸ਼ ਬਾਂਸਲ ਸਕੂਲ ਦੇ ਵਿਦਿਆਰਥੀ ਹਰਸ਼ਿਤ ਸਿੰਗਲਾ ਨੂੰ ਕੈਮਿਸਟਰੀ ਓਲੰਪੀਆਡ ਲਈ ਟੀਮ ਇੰਡੀਆ ਵਿੱਚ ਚੁਣਿਆ



ਮੰਡੀ ਗੋਬਿੰਦਗੜ੍ਹ 2 ਮਈ (ਮੁਖ਼ਤਿਆਰ ਸਿੰਘ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਲਈ ਮਾਣ ਵਾਲੀ ਗੱਲ ਹੈ ਕਿ 12ਵੀਂ ਜਮਾਤ (ਸਾਇੰਸ) ਦੇ ਹੋਣਹਾਰ ਵਿਦਿਆਰਥੀ ਹਰਸ਼ਿਤ ਸਿੰਗਲਾ ਨੂੰ 58ਵੇਂ ਅੰਤਰਰਾਸ਼ਟਰੀ ਕੈਮਿਸਟਰੀ ਓਲੰਪੀਆਡ ਲਈ ਟੀਮ ਇੰਡੀਆ ਵਿੱਚ ਚੁਣਿਆ ਗਿਆ ਹੈ। ਸ੍ਰੀ ਹਰਸ਼ਿਤ ਸਿੰਗਲਾ ਨੇ ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਮੁੰਬਈ ਵਿਖੇ ਆਯੋਜਿਤ ਓਰੀਐਂਟੇਸ਼ਨ ਕਮ ਸਿਲੈਕਸ਼ਨ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੋ ਥਿਊਰੀ ਪ੍ਰੀਖਿਆਵਾਂ ਅਤੇ ਤਿੰਨ ਪ੍ਰੈਕਟੀਕਲ ਪ੍ਰੀਖਿਆਵਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਭਾਰਤੀ ਟੀਮ ਵਿੱਚ ਸੁਭੋਜੀਤ ਬੰਦੋਪਾਧਿਆਏ (ਮੁੱਖ ਸਲਾਹਕਾਰ, ਕੋਲਕਾਤਾ, ਇੰਦਰਾਣੀ ਦਾਸ ਸੇਨ (ਮੇਂਟਰ), ਅਨੁਬੇਂਦੂ ਅਧਿਕਾਰੀ (ਵਿਗਿਆਨਕ ਸੁਪਰਵਾਈਜ਼ਰ ਅਤੇ ਜੈਸ਼੍ਰੀ ਗੋਪਾਲਕ੍ਰਿਸ਼ਨਨ ਵਿਗਿਆਨਕ ਸੁਪਰਵਾਈਜ਼ਰ, ਮੁੰਬਈ ਵੀ ਸ਼ਾਮਲ ਹੋਣਗੇ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਹਰਸ਼ਿਤ ਸਿੰਗਲਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਸਕੂਲ ਲਈ ਮਾਣ ਵਾਲੀ ਗੱਲ ਹੈ ਸਗੋਂ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਹੈ